IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਪੰਜਾਬੀ ਨਾਰੀ ਨਾਟਕਕਾਰ ਅਤੇ ਰੰਗਮੰਚੀ-ਸ਼ੈਲੀਆਂ ।

ਡਾ.ਬੀਰਦਵਿੰਦਰ ਕੌਰ,
ਅਸਿਸਟੈਂਟ ਪ੍ਰੋਫ਼ੈਸਰ ( ਪੰਜਾਬੀ)
ਸ. ਬਲਰਾਜ ਸਿੰਘ ਭੂੰਦੜ ਮੈਮੋਰੀਅਲ
ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ (ਮਾਨਸਾ)

Abstract:

ਰੰਗ ਮੰਚੀ ਸ਼ੈਲੀਆਂ ਜਾਂ ਨਾਟ ਸੈਲੀਆਂ ਤੋਂ ਭਾਵ ਅਜਿਹੇ ਨੇਮ ਪ੍ਰਬੰਧ ਤੋਂ ਹੈ ਜਿਸ ਰਾਹੀਂ ਨਾਟਕ ਤੇ ਪਾਠਕਾਂ ਦਰਸ਼ਕਾਂ ਤੱਕ ਸੰਚਾਰ ਕਰਨਾ ਹੁੰਦਾ ਹੈ ਜਿਸ ਨਾਠ ਸ਼ੈਲੀ ਨੂੰ ਆਧਾਰ ਬਣਾ ਕੇ ਨਾਟਕਕਾਰ ਨਾਟਕ ਦੀ ਰਚਨਾ ਕਰਦਾ ਹੈ ਉਸ ਨਾਲ ਸ਼ੈਲੀ ਦੇ ਨੇਮ ਪ੍ਰਬੰਧ ਅਧੀਨ ਹੀ ਨਾਟਕ ਮੰਚ ਉੱਪਰ ਖੇਡਿਆ ਜਾਂਦਾ ਹੈ। ਨਾਟਕ ਦੇ ਲਿਖਤ ਪਾਠ ਦਾ ਮਾਧਿਅਮ ਭਾਸ਼ਾ ਹੁੰਦਾ ਹੈ ਭਾਵ ਨਾਟਕ ਨੇ ਭਾਸ਼ਾ ਰਾਹੀਂ ਪਾਠਕ ਤੱਕ ਸੰਚਾਰ ਕਰਨਾ ਹੁੰਦਾ ਹੈ ਰੰਗ ਮੰਚ ਰਾਹੀਂ ਸੰਚਾਰ ਹੋਣ ਦਾ ਮਾਧਿਅਮ ਮੰਚ ਜੜਤ ਮੰਚ ਸਮੱਗਰੀ ਰੂਪ ਸਜਾ ਵੇਸ ਭੂਸ਼ਾ ਅਭਿਨੇ ਸੰਗੀਤ ਰੌਸ਼ਨੀ ਆਦਿ ਰਾਹੀਂ ਹੁੰਦਾ ਹੈ ਇਹਨਾਂ ਸੰਚਾਰ ਵਿਧੀਆਂ ਰਾਹੀਂ ਨਾਟਕ ਵੱਖ ਵੱਖ ਨਾਟ ਸ਼ੈਲੀਆਂ ਨੂੰ ਆਧਾਰ ਬਣਾਉਂਦਾ ਹੋਇਆ ਦਰਸ਼ਕਾਂ ਤੱਕ ਸੰਚਾਰਿਤ ਹੁੰਦਾ ਹੈ

Keyword:

ਨਾਟਕ,ਸਾਹਿਤ,ਨਾਟ-ਰੂਪ,ਨਾਟ-ਵਸਤੂ, ਰੰਗਮੰਚ, ਨਾਟ-ਸ਼ੈਲੀਆਂ,ਇਤਿਹਾਸ, ਸੱਭਿਆਚਾਰ ।

ਨਾਟਕ ਦੋਹਰੇ ਚਰਿੱਤਰ ਵਾਲੀ ਸਾਹਿਤ ਵਿਧਾ ਹੈ। ਨਾਟਕ ਦਾ ਪਹਿਲਾ ਰੂਪ ਲਿਖਤੀ ਦੂਜਾ ਰੂਪ ਮੰਜੀ ਹੁੰਦਾ ਹੈ। ਇਹ ਦੋਵੇਂ ਰੂਪ ਇੱਕ ਦੂਜੇ ਦੇ ਪੂਰਕ ਹਨ। ਨਾਟਕ ਦੇ ਲਿਖਤੀ ਰੂਪ ਵਿੱਚ ਹੀ ਮੰਚੀ ਪਾਠ ਵੀ ਸ਼ਾਮਿਲ ਹੁੰਦਾ ਹੈ।ਨਾਟਕਕਾਰ ਜਦੋਂ ਨਾਟਕ ਲਿਖ ਰਿਹਾ ਹੁੰਦਾ ਹੈ ਤਾਂ ਨਾਲ ਹੀ ਉਸ ਨੂੰ ਆਪਣੇ ਮਨ ਦੇ ਪੱਧਰ ਉੱਪਰ ਖੇਡ ਕੇ ਵੀ ਵੇਖਦਾ ਹੈ। ਇਸ ਲਈ ਨਾਟਕਕਾਰ ਲਈ ਰੰਗਮੰਚੀ ਜਾਂ ਸੰਚਾਰ ਜੁਗਤਾਂ ਦਾ ਵਿਸ਼ੇਸ਼ ਮਹੱਤਵ ਹੋ ਜਾਂਦਾ ਹੈ।ਇਨ੍ਹਾਂ ਰੰਗਮੰਚੀ ਜਾਂ ਨਾਟ ਜੁਗਤਾਂ ਦਾ ਆਧਾਰ ਨਾਟ ਸ਼ੈਲੀਆਂ ਹੁੰਦੀਆਂ ਹਨ ।

ਰੰਗਮੰਚੀ ਸ਼ੈਲੀਆਂ ਜਾਂ ਨਾਟ-ਸ਼ੈਲੀਆਂ ਤੋਂ ਭਾਵ ਅਜਿਹੇ ਨੇਮ ਪ੍ਰਬੰਧ ਤੋਂ ਹੈ ਜਿਸ ਰਾਹੀਂ ਨਾਟਕ ਨੇ ਪਾਠਕਾਂ/ਦਰਸ਼ਕਾਂ ਤਕ ਸੰਚਾਰ ਕਰਨਾ ਹੁੰਦਾ ਹੈ। ਜਿਸ ਨਾਟ ਸ਼ੈਲੀ ਨੂੰ ਆਧਾਰ ਬਣਾ ਕੇ ਨਾਟਕਕਾਰ ਨਾਟਕ ਦੀ ਰਚਨਾ ਕਰਦਾ ਹੈ। ਉਸ ਨਾਟ ਸ਼ੈਲੀ ਦੇ ਨੇਮ ਪ੍ਰਬੰਧ ਅਧੀਨ ਹੀ ਨਾਟਕ ਮੰਚ ਉਪਰ ਖੇਡਿਆ ਜਾਂਦਾ ਹੈ । ਨਾਟਕ ਦੇ ਲਿਖਤ ਪਾਠ ਦਾ ਮਾਧਿਅਮ ਭਾਸ਼ਾ ਹੁੰਦਾ ਹੈ। ਭਾਵ ਨਾਟਕ ਨੇ ਭਾਸ਼ਾ ਰਾਹੀਂ ਪਾਠਕ ਤੱਕ ਸੰਚਾਰ ਕਰਨਾ ਹੁੰਦਾ ਹੈ। ਰੰਗਮੰਚ ਰਾਹੀਂ ਸੰਚਾਰ ਹੋਣ ਦਾ ਮਾਧਿਅਮ ਮੰਚ-ਜੜਤ, ਮੰਚ- ਸਮੱਗਰੀ, ਰੂਪ ਸਜਾ, ਵੇਸ਼ ਭੂਸ਼ਾ, ਅਭਿਨੈ, ਸੰਗੀਤ, ਰੌਸ਼ਨੀ ਆਦਿ ਰਾਹੀਂ ਹੁੰਦਾ ਹੈ। ਇਨ੍ਹਾਂ ਸੰਚਾਰ ਵਿਧੀਆਂ ਰਾਹੀਂ ਨਾਟਕ ਵੱਖ ਵੱਖ ਨਾਟ ਸ਼ੈਲੀਆਂ ਨੂੰ ਆਧਾਰ ਬਣਾਉਂਦਾ ਹੋਇਆ ਦਰਸ਼ਕਾਂ ਤਕ ਸੰਚਾਰਿਤ ਹੁੰਦਾ ਹੈ।

ਪੰਜਾਬੀ ਨਾਰੀ ਨਾਟਕਕਾਰਾਂ ਨੇ ਆਪਣੇ ਨਾਟਕਾਂ ਨੂੰ ਰੰਗਮੰਚ ਉਪਰ ਸਫਲ ਬਣਾਉਣ ਲਈ ਅਤੇ ਦਰਸ਼ਕਾਂ ਤੱਕ ਆਪਣੇ ਵਿਸ਼ੇ ਦਾ ਸੰਚਾਰ ਕਰਨ ਲਈ ਵੱਖ ਵੱਖ ਨਾਟ-ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਨਾਰੀ ਨਾਟਕਕਾਰਾਂ ਨੇ ਯਥਾਰਥਵਾਦੀ ਨਾਟ-ਸ਼ੈਲੀ, ਐਬਸਰਡ ਨਾਟ-ਸ਼ੈਲੀ, ਹੰਗਾਮੀ ਨਾਟ-ਸ਼ੈਲੀ, ਐਪਿਕ ਨਾਟ-ਸ਼ੈਲੀ, ਲੋਕ ਨਾਟ-ਸ਼ੈਲੀ ਆਦਿ ਦਾ ਪ੍ਰਯੋਗ ਆਪਣੇ ਨਾਟਕਾਂ ਰਾਹੀਂ ਕੀਤਾ ਹੈ ।

1. ਯਥਾਰਥਵਾਦੀ ਨਾਟ-ਸ਼ੈਲੀ :-

ਯਥਾਰਥਵਾਦੀ ਨਾਟ ਸ਼ੈਲੀ ਅਧੀਨ ਅਸਲੀਅਤ ਦਾ ਭਰਮ ਸਿਰਜਿਆ ਜਾਂਦਾ ਹੈ। ਯਥਾਰਥਵਾਦੀ ਨਾਟ ਸ਼ੈਲੀ ਦਾ ਮੁੱਖ ਉਦੇਸ਼ ਮਨੁੱਖ ਦੇ ਸਮਾਜਿਕ ਜੀਵਨ ਅਤੇ ਸਮਾਜਿਕ ਸਬੰਧਾਂ ਨਾਲ ਜੁੜੀਆਂ ਘਟਨਾਵਾਂ ਦੀ ਯਥਾਰਥਕ ਪੇਸ਼ਕਾਰੀ ਕਰਨਾ ਹੁੰਦਾ ਹੈ। ਇਸ ਰਾਹੀਂ ਸਮਾਜਿਕ ਜੀਵਨ ਦੀਆਂ ਯਥਾਰਥਕ ਸਮੱਸਿਆਵਾਂ ਨਾਟਕੀ ਰੂਪ ਗ੍ਰਹਿਣ ਕਰਦੀਆਂ ਹਨ। ਪੰਜਾਬੀ ਨਾਟਕਕਾਰਾਂ ਨੇ ਪ੍ਰਮੁੱਖ ਰੂਪ ਵਿੱਚ ਯਥਾਰਥਵਾਦੀ ਨਾਟ ਸ਼ੈਲੀ ਦਾ ਪ੍ਰਯੋਗ ਕੀਤਾ ਹੈ :

"ਆਈ.ਸੀ.ਨੰਦਾ ਤੋਂ ਬਾਅਦ ਹਰ ਪੀੜ੍ਹੀ ਦੇ ਨਾਟਕਕਾਰਾਂ ਨੇ ਭਾਵੇਂ ਨਾਟ-ਸ਼ੈਲੀਆਂ

ਦੇ ਪ੍ਰਸੰਗ ਵਿਚ ਸੰਚਾਰ ਵਿਧੀਆਂ ਦੇ ਪੱਖ ਤੋਂ ਵੱਖਰੇ- ਵੱਖਰੇ ਪ੍ਰਯੋਗ ਕੀਤੇ ਭਾਵ

ਅਨੇਕ ਨਾਟ-ਜੁਗਤਾਂ ਜਾਂ ਨਾਟ-ਸ਼ੈਲੀਆਂ ਅਪਣਾਈਆਂ ਪਰ ਯਥਾਰਥਵਾਦੀ ਨਾਟ-ਸ਼ੈਲੀ

ਅੱਜ ਵੀ ਪੰਜਾਬੀ ਨਾਟਕ ਵਿੱਚ ਸਿਰਮੌਰ ਸਥਾਨ ਰੱਖਦੀ ਹੈ। ਯਥਾਰਥਵਾਦੀ

ਨਾਟ-ਸ਼ੈਲੀ ਵਿੱਚ ਸਮੇਂ, ਸਥਾਨ ਅਤੇ ਪਾਤਰਾਂ ਦੀ ਪ੍ਰਮਾਣਿਕਤਾ ਹੁੰਦੀ ਹੈ। ਇਸ

ਕੜੀ ਵਿਚ ਇਸਤਰੀ ਨਾਟਕਕਾਰਾਂ ਦੁਆਰਾ ਅਜਿਹੇ ਸਰੋਕਾਰ ਚੁਣੇ ਗਏ ਹਨ।

ਜਿਹੜੇ ਸਾਡੇ ਆਮ ਜਨ-ਜੀਵਨ ਦੀਆਂ ਗਤੀਵਿਧੀਆਂ ਨਾਲ ਸਬੰਧ ਰੱਖਦੇ ਹਨ।

ਇਸ ਲਈ ਯਥਾਰਥਵਾਦੀ ਨਾਟ-ਸ਼ੈਲੀਆਂ ਦੀਆਂ ਸੰਚਾਰ ਵਿਧੀਆਂ ਅਗਰਭੂਮ

ਵਿਚ ਰਹੀਆਂ ਹਨ।"

ਆਈ. ਸੀ. ਨੰਦਾ ਤੋਂ ਬਾਅਦ ਪੰਜਾਬੀ ਦੇ ਲਗਪਗ ਹਰ ਨਾਟਕਕਾਰ ਨੇ ਯਥਾਰਥਵਾਦੀ ਨਾਟ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਇਸ ਕੜੀ ਵਿਚ ਪੰਜਾਬੀ ਨਾਰੀ ਨਾਟਕਾਰ ਵੀ ਸ਼ਾਮਿਲ ਹਨ। ਪੰਜਾਬੀ ਨਾਟਕ ਵਿੱਚ ਯਥਾਰਥਵਾਦੀ ਨਾਟ ਸ਼ੈਲੀ ਦੀ ਵਰਤੋਂ ਕਰਨ ਵਾਲੀਆਂ ਪ੍ਰਮੁੱਖ ਨਾਟਕਕਾਰ ਹਨ। ਨਵਰੀਤ ਕੌਰ ਰੰਧਾਵਾ, ਰਮਾ ਰਤਨ, ਸੰਤੋਸ਼ ਸਾਹਨੀ, ਡਾ. ਪ੍ਰਭਜੋਤ ਕੌਰ ਕੁਲਕਰਨੀ, ਸਵਰਨਜੀਤ ਵਾਲੀਆ ਆਦਿ। ਇਨ੍ਹਾਂ ਨਾਰੀ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿੱਚ ਸਮਾਜ ਦੇ ਯਥਾਰਥ ਨੂੰ ਚਿਤਰਿਆ ਹੈ। ਇਨ੍ਹਾਂ ਨਾਰੀ ਨਾਟਕਕਾਰਾਂ ਆਪਣੇ ਸਮਾਜਿਕ ਵਿਸ਼ਿਆ ਨੂੰ ਸਾਧਾਰਨ ਪੇਂਡੂ ਪਾਤਰਾਂ ਰਾਹੀਂ ਸੰਖੇਪ ਵਾਰਤਾਲਾਪ ਅਤੇ ਆਮ ਭਾਸ਼ਾ ਦਾ ਪ੍ਰਯੋਗ ਕਰ ਕੇ ਜ਼ਿੰਦਗੀ ਦਾ ਯਥਾਰਥ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਡਾ.ਮਨਜੀਤਪਾਲ ਕੌਰ ਤੇ ਕੁਝ ਨਾਟਕ ਜਿਵੇਂ ਸਬਾ, ਨੋ ਸਪੇਸ ਜ਼ੋਨ ਅਤੇ ਜਾਈਂ ਨਾ ਓਸ ਦਰੇ ਵਿੱਚ ਯਥਾਰਥਵਾਦੀ ਨਾਟ-ਸ਼ੈਲੀ ਦਾ ਪ੍ਰਯੋਗ ਹੋਇਆ ਹੈ। ਪੰਜਾਬੀ ਨਾਰੀ ਨਾਟਕਕਾਰਾਂ ਨੇ ਯਥਾਰਥਵਾਦੀ ਨਾਟ-ਸ਼ੈਲੀ ਅਧੀਨ ਮੌਕਾ ਮੇਲ ਦੇ ਜੁਗਤ, ਵਿਅੰਗ ਸਿਰਜਣ ਦੀ ਜੁਗਤ, ਪ੍ਰਤੀਕਾਤਮਿਕਤਾ ਦੀ ਜੁਗਤ ਆਦਿ ਜੁਗਤਾਂ ਵਰਤੀਆਂ ਹਨ।

2. ਐਬਸਰਡ ਨਾਟ-ਸ਼ੈਲੀ :-

ਐਬਸਰਡ ਨਾਟ-ਸ਼ੈਲੀ ਨੂੰ ਪੰਜਾਬੀ ਵਿੱਚ ਊਲ-ਜਲੂਲ ਨਾਟ-ਸ਼ੈਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਐਬਸਰਡ ਨਾਟ-ਸ਼ੈਲੀ ਅਸਲ ਜਾਂ ਯਥਾਰਥ ਦੇ ਵਿਰੋਧ ਦੀ ਪ੍ਰਤੀਕਿਰਿਆ ਵਿਚੋਂ ਹੋਂਦ ਗ੍ਰਹਿਣ ਕਰਦੀ ਹੈ। ਐਬਸਰਡ ਨਾਟ-ਸ਼ੈਲੀ ਪੰਜਾਬੀ ਵਿਚ ਦੂਜੀ ਪੀੜ੍ਹੀ ਦੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਨਾਲ ਪ੍ਰਵੇਸ਼ ਕਰਦੀ ਹੈ। ਸਮਕਾਲੀ ਸਮੇਂ ਵਿਚ ਕਠੋਰ ਯਥਾਰਥ ਨਾਲ ਟਕਰਾ ਰਹੇ ਮਨੁੱਖ ਦੇ ਸੁਪਨਿਆਂ ਦੇ ਟੁੱਟਣ ਦੇ ਸਿੱਟੇ ਵਜੋਂ ਮਨੁੱਖ ਨੂੰ ਆਪਣੀ ਹੋਂਦ ਦੀ ਨਿਰਾਰਥਕਥਾ ਦਾ ਅਹਿਸਾਸ ਐਬਸਰਡ ਜਾਂ ਊਲ-ਜਲੂਲ ਮਨੋਸਥਿਤੀ ਵਿਚ ਲੈ ਜਾਂਦਾ ਹੈ:

"ਐਬਸਰਡ ਨਾਟ-ਸ਼ੈਲੀ ਅਸਲਵਾਦ ਜਾਂ ਯਥਾਰਥਵਾਦ ਦੇ ਵਿਰੋਧ ਦੀ ਪ੍ਰਤੀਕਿਰਿਆ

ਵਜੋਂ ਹੋਂਦ ਵਿੱਚ ਆਈ।ਪਹਿਲੇ ਮਹਾਂਯੁੱਧ ਦਾ ਭਿਆਨਕ ਵਿਕਰਾਲ ਸਾਇਆ ਅਜੇ ਖ਼ਤਮ

ਨਹੀਂ ਸੀ ਹੋਇਆ ਅਤੇ ਉਸ ਦੇ ਖ਼ਤਮ ਹੁੰਦਿਆਂ ਤਕ ਮਨੁੱਖ ਦੀ ਮਾਨਸਿਕ ਭਟਕਣ,

ਬੇਚੈਨੀ, ਅਸਥਿਰਤਾ, ਨਿਰਾਰਥਿਕਤਾ, ਰਿਸ਼ਤਿਆਂ ਦੀ ਖੀਣਤਾ, ਅਸੁਰੱਖਿਅਆ ਆਦਿ

ਨੇ ਭਟਕਣ ਨੂੰ ਹੋਰ ਵਧੇਰੇ ਤੀਖਣ ਤੇ ਭਾਵਨਾਤਮਕ ਰੂਪ ਵਿਚ ਮਨੁੱਖ ਦੇ ਸਾਹਮਣੇ

ਲਿਆ ਰੱਖਿਆ ।ਇਸ ਵਿਚ ਅਜਿਹੇ ਪ੍ਰਕਾਰ ਦੇ ਅਪੰਗ ਅਪਾਹਜ ਸੰਸਾਰ ਦਾ ਆਗਮਨ

ਹੋਇਆ ਜਿਸ ਵਿੱਚ ਮਨੁੱਖ ਮਨੁੱਖ ਨਾਲੋਂ ਟੁੱਟ ਗਿਆ।"

ਪੰਜਾਬੀ ਨਾਰੀ ਨਾਟਕਕਾਰਾਂ ਵਿੱਚੋਂ ਮੋਹਨਜੀਤ ਪੁਨਮ (ਨਾਟਕਕਾਰ ਦੀ ਭਾਲ) ਅਤੇ ਨਵਨਿੰਦਰਾ ਬਹਿਲ (ਨਾਇਕ ਕਥਾ) ਨੇ ਐਬਸਰਡ ਨਾਟ-ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਤੇਜਿੰਦਰ ਹਰਜੀਤ (ਤ੍ਰਿੰਝਣ),ਵੀਰ ਵਹਾਬ(ਅਸੀਂ ਨਾਟਕ ਕਰਦੇ ਹਾਂ) ਅਤੇ ਡਾ. ਕਿਰਪਾਲ ਕੌਰ ਨੇ ਐਬਸਰਡ ਨਾਟ-ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਐਬਸਰਡ ਨਾਟ-ਸ਼ੈਲੀ ਵਿਚ ਪ੍ਰਤੀਕਾਤਮਿਕ ਵਾਰਤਾਲਾਪ ਰਾਹੀਂ ਕਥਾਨਕ ਵਿੱਚ ਘਟਨਾਵਾਂ ਦੀ ਥਾਂ, ਵਿਚਾਰਾਂ ਦਾ ਟਕਰਾਅ ਪ੍ਰਮੁੱਖਤਾ ਹਾਸਲ ਕਰਦਾ ਹੈ। ਜਿਸ ਨੂੰ ਪੰਜਾਬੀ ਨਾਰੀ ਨਾਟਕਕਾਰਾਂ ਨੇ ਸਫ਼ਲਤਾਪੂਰਵਕ ਪ੍ਰਯੋਗ ਕੀਤਾ ਹੈ। ਇਸ ਪ੍ਰਕਾਰ ਪੰਜਾਬੀ ਨਾਰੀ ਨਾਟਕਕਾਰ ਨੇ ਯਥਾਰਥਵਾਦੀ ਨਾਟ-ਸ਼ੈਲੀ ਦੇ ਨਾਲ ਨਾਲ ਐਬਸਰਡ ਨਾਟ-ਸ਼ੈਲੀ ਦਾ ਪ੍ਰਯੋਗ ਵੀ ਆਪਣੇ ਨਾਟਕਾਂ ਲਈ ਕੀਤਾ ਹੈ।

3 ਹੰਗਾਮੀ ਨਾਟ-ਸ਼ੈਲੀ:-

ਹੰਗਾਮੀ ਨਾਟ-ਸ਼ੈਲੀ ਦੇ ਮੋਢੀ ਐਨਤੋਨਿਨ ਆਰਤੋ ਹਨ। ਪੰਜਾਬੀ ਵਿੱਚ ਹੰਗਾਮੀ ਨਾਟ-ਸ਼ੈਲੀ ਨੂੰ ਜ਼ੁਲਮ ਦਾ ਥੀਏਟਰ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਹੰਗਾਮੀ ਨਾਟ-ਸ਼ੈਲੀ ਅਧੀਨ ਨਾਟਕ ਲਿਖਣ ਵਾਲੇ ਨਾਟਕਕਾਰਾਂ ਅਨੁਸਾਰ ਰੰਗਮੰਚ ਇੰਨਾ ਸਖ਼ਤ ਹੋ ਜਾਣਾ ਚਾਹੀਦਾ ਹੈ ਕੀ ਨਾਟਕ ਦੇਖਣ ਉਪਰੰਤ ਦਰਸ਼ਕ ਆਪਣੇ ਆਪ ਨੂੰ ਅਸਲ ਰੂਪ ਵਿੱਚ ਵੇਖ ਸਕਣ। ਹੰਗਾਮੀ ਨਾਟ-ਸ਼ੈਲੀ ਵਿਚ ਸਰੀਰਿਕ ਕਾਰਜ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਸ ਵਿੱਚ ਹਿੰਸਾ ਤੋਂ ਇਲਾਵਾ ਉੱਚੀਆਂ ਆਵਾਜ਼ਾਂ, ਚੀਕਾਂ, ਕਾਮ, ਨੰਗੇਜ਼ ਆਦਿ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀ ਨਾਰੀ ਨਾਟਕਕਾਰਾਂ ਵਿੱਚੋਂ ਮੋਹਨਜੀਤ ਪੁਨਮ ਤੋਂ ਇਲਾਵਾ ਡਾ. ਮਨਜੀਤਪਾਲ ਕੌਰ ਦੇ ਹੰਗਾਮੀ ਨਾਟ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਡਾ. ਮਨਜੀਤਪਾਲ ਕੌਰ ਦੇ ਆਪਣੇ ਕਾਵਿ ਨਾਟਕਾਂ ਸਾਹਿਬਾਂ ਅਤੇ ਸੁੰਦਰਾਂ ਵਿੱਚ ਵਰਜਿਤ ਦ੍ਰਿਸ਼ਾਂ ਦੇ ਬਿੰਬਾਂ ਨੂੰ ਚਿਤਰ ਕੇ ਹੰਗਾਮੀ ਨਾਟ ਸ਼ੈਲੀ ਦਾ ਪ੍ਰਯੋਗ ਕਰਦੀ ਹੈ ।

ਇਸ ਤਰ੍ਹਾਂ ਪੰਜਾਬੀ ਨਾਰੀ ਨਾਟਕਾਰ ਹੰਗਾਮੀ ਨਾਟ ਸ਼ੈਲੀ ਦਾ ਪ੍ਰਯੋਗ ਆਪਣੇ ਰੰਗਮੰਚੀ ਸੰਚਾਰ ਲਈ ਕਰਦੀਆਂ ਹਨ। ਪੰਜਾਬੀ ਨਾਰੀ ਨਾਟਕਕਾਰਾਂ ਦੇ ਨਾਲ ਨਾਲ ਪੰਜਾਬੀ ਨਾਟਕ ਵਿੱਚ ਵੀ ਹੰਗਾਮੀ ਨਾਟ-ਸ਼ੈਲੀ ਦਾ ਪ੍ਰਯੋਗ ਨਹੀਂ ਹੋਇਆ।

4. ਐਪਿਕ ਨਾਟ-ਸ਼ੈਲੀ :-

ਪ੍ਰਸਿੱਧ ਜਰਮਨ ਨਾਟਕਕਾਰ ਅਤੇ ਨਾਟਕ ਸਿਧਾਂਤਕਾਰ ਬਰਤੋਲਤ ਬਰੈਖ਼ਤ ਐਪਿਕ ਨਾਟ-ਸ਼ੈਲੀ ਦੇ ਮੋਢੀ ਮੰਨੇ ਜਾਂਦੇ ਹਨ। ਐਪਿਕ ਨਾਟ-ਸ਼ੈਲੀ ਅਧੀਨ ਰੰਗਮੰਚ ਦਰਸ਼ਕਾਂ ਸਾਹਮਣੇ ਯਥਾਰਥ ਦਾ ਭੁਲੇਖਾ ਨਹੀਂ ਸਿਰਜਦਾ ਬਲਕਿ ਦਰਸ਼ਕਾਂ ਨੂੰ ਸੁਚੇਤ ਰੂਪ ਵਿਚ ਦੱਸਿਆ ਜਾਂਦਾ ਹੈ ਕਿ ਉਹ ਜ਼ਿੰਦਗੀ ਦੇ ਯਥਾਰਥ ਵਰਗਾ ਨਾਟਕੀ ਕਾਰਜ ਦੇਖ ਰਹੇ ਹਨ। ਐਪਿਕ ਨਾਟ-ਸ਼ੈਲੀ ਭਾਰਤੀ ਲੋਕ ਨਾਟ-ਸ਼ੈਲੀ ਤੋਂ ਪ੍ਰਭਾਵਿਤ ਹੈ ਜਿਥੇ ਸੂਤਰਧਾਰ ਜਾਂ ਨਟ-ਨਟੀ ਦੇ ਪ੍ਰਯੋਗ ਰਾਹੀਂ ਯਥਾਰਥ ਦੇ ਭਰਮ ਨੂੰ ਤੋੜਿਆ ਜਾਂਦਾ ਹੈ। ਐਪਿਕ ਨਾਟ-ਸ਼ੈਲੀ ਵਿੱਚ ਸੂਤਰਧਾਰ, ਗੀਤ, ਕੋਰਸ, ਕਵਿਤਾ ਦਾ ਬਿਆਨ, ਮੁਖੌਟਿਆਂ ਦੀ ਵਰਤੋਂ ਰੌਸ਼ਨੀ ਦੀ ਵਿਉਂਤ ਆਦਿ ਜੁਗਤਾਂ ਰਾਹੀਂ ਰੰਗਮੰਚੀ ਸੰਚਾਰ ਕੀਤਾ ਜਾਂਦਾ ਹੈ। ਪੰਜਾਬੀ ਨਾਰੀ ਨਾਟਕਕਾਰਾਂ ਵਿੱਚ ਸ਼ੀਲਾ ਭਾਟੀਆ ਆਪਣੇ ਓਪੇਰਾ ਨਾਟਕ 'ਚੰਨ ਬੱਦਲਾਂ ਦਾ ਅਤੇ 'ਰੁੱਖੇ ਖੇਤਾ' ਵਿਚ ਐਪਿਕ ਨਾਟ-ਵਿਧੀ ਦੀ ਵਰਤੋਂ ਕਰਦੀ ਹੈ। ਡਾ. ਮਨਜੀਤਪਾਲ ਕੌਰ ਨੇ ਆਪਣੇ ਨਾਟਕਾਂ ਸਾਹਿਬਾਂ, ਸੁੰਦਰਾਂ, ਸਬਾ, ਬੰਧਨ ਤੇ ਸਰਾਪ ਵਿੱਚ ਐਪਿਕ ਨਾਟ-ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਨਾਟ-ਸ਼ੈਲੀ ਰਹੇ ਦਰਸ਼ਕਾਂ/ਪਾਠਕਾਂ ਨੂੰ ਪਾਤਰਾਂ ਅਤੇ ਘਟਨਾਵਾਂ ਦਾ ਸਿੱਧਾ ਜੋੜਿਆ ਜਾਂਦਾ ਹੈ। ਜਿਸ ਨੂੰ ਪੰਜਾਬੀ ਨਾਰੀ ਨਾਟਕਕਾਰਾਂ ਨੇ ਪ੍ਰਯੋਗ ਕੀਤਾ ਹੈ। ਇਨ੍ਹਾਂ ਨਾਰੀ ਨਾਟਕਕਾਰਾਂ ਤੋਂ ਇਲਾਵਾ ਸੁਪ੍ਰਭਾ ਆਰਿਆ, ਸਿਮਰਜੀਤ ਗਿੱਲ, ਪਰਮ ਜਸਪਾਲ ਮਾਨ ਨੇ ਵੀ ਆਪਣੇ ਨਾਟਕਾਂ ਵਿੱਚ ਐਪਿਕ ਨਾਟ-ਸ਼ੈਲੀ ਦਾ ਪ੍ਰਯੋਗ ਕੀਤਾ ਹੈ।

5. ਲੋਕ ਨਾਟ-ਸ਼ੈਲੀ :-

ਪੰਜਾਬੀ ਨਾਰੀ ਨਾਟਕਕਾਰਾਂ ਨੇ ਪੱਛਮੀ ਨਾਟ-ਸ਼ੈਲੀਆਂ ਦੇ ਨਾਲ ਨਾਲ ਭਾਰਤੀ ਲੋਕ ਨਾਟ-ਸ਼ੈਲੀ ਦਾ ਪ੍ਰਯੋਗ ਵੀ ਰੰਗਮੰਚੀ ਸੰਚਾਰ ਲਈ ਕੀਤਾ ਹੈ। ਲੋਕ ਨਾਟ-ਸ਼ੈਲੀ ਵਿੱਚ ਲੋਕ ਪ੍ਰਵਾਨ ਪ੍ਰਵਿਰਤੀਆਂ ਲੋਕ ਸੱਭਿਆਚਾਰ, ਲੋਕ ਸੰਗੀਤ, ਭਾਸ਼ਾ ਅਤੇ ਪਹਿਰਾਵੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਨਾਰੀ ਨਾਟਕਕਾਰਾਂ ਵਿਚ ਸ਼ੀਲਾ ਭਾਟੀਆ (ਚਿੜੀਆਂ ਦਾ ਚੰਬਾ' ਜੁਗਨੀ), ਡਾ.ਤੇਜਿੰਦਰ ਹਰਜੀਤ (ਤ੍ਰਿੰਝਣ) ਆਦਿ ਨੇ ਲੋਕ ਨਾਟ-ਸ਼ੈਲੀ ਦਾ ਪ੍ਰਯੋਗ ਕੀਤਾ ਹੈ ਪੰਜਾਬੀ ਨਾਰੀ ਨਾਟਕਾਰ ਰਾਜਵੰਤ ਕੌਰ ਨੇ ਵੀ ਆਪਣੇ ਨਾਟਕ 'ਸਵਾਲੀਆ ਨਿਸ਼ਾਨ' ਵਿਚ ਲੋਕ ਗੀਤਾਂ ਦੇ ਪ੍ਰਯੋਗ ਰਾਹੀਂ, ਡਾ. ਮਨਜੀਤਪਾਲ ਕੌਰ ਨੇ 'ਸਾਹਿਬਾ' ਨਾਟਕ ਵਿੱਚ ਢਾਡੀਆਂ ਦੁਆਰਾ ਮਿਰਜ਼ਾ ਸਾਹਿਬਾਂ ਦੇ ਕਿੱਸੇ ਦੇ ਗਾਇਨ ਰਾਹੀਂ, ਅਵਤਾਰ ਕੌਰ ਜਵੰਦਾ ਨੇ ਮਰਾਸੀ, ਮਰਾਸਣ, ਢਾਡੀ ਅਤੇ ਨਟ-ਨਟੀ ਰਾਹੀਂ ਲੋਕ ਨਾਟ-ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਇਲਾਵਾ ਨਾਰੀ ਨਾਟਕਾਰ ਵਾਰਾਂ, ਕਵੀਸ਼ਰੀ ਅਤੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਵੀ ਲੋਕ ਨਾਟ-ਸ਼ੈਲੀਆਂ ਦੀਆਂ ਜੁਗਤਾਂ ਦਾ ਪ੍ਰਯੋਗ ਕਰਦੇ ਹਨ।

6. ਕੁਝ ਹੋਰ ਸੰਚਾਰ-ਜੁਗਤਾਂ :-

ਇਨ੍ਹਾਂ ਨਾਟ-ਸ਼ੈਲੀਆਂ ਤੋਂ ਇਲਾਵਾ ਪੰਜਾਬੀ ਨਾਰੀ ਨਾਟਕਕਾਰਾਂ ਨੇ ਕੁਝ ਹੋਰ ਨਾਟ-ਜੁਗਤਾਂ ਦਾ ਪ੍ਰਯੋਗ ਰੰਗਮੰਚੀ ਸੰਚਾਰ ਲਈ ਕੀਤਾ ਹੈ। ਇਸ ਵਿੱਚ ਪ੍ਰਮੁੱਖ ਹਨ; ਰੌਸ਼ਨੀ ਦੀ ਜੁਗਤ, ਰੰਗਾਂ ਦੀ ਵਰਤੋਂ ਦੀ ਜੁਗਤ, ਆਵਾਜ਼ਾਂ ਦੀ ਜੁਗਤ ਆਦਿ।

ਰੌਸ਼ਨੀ ਦੀ ਜੁਗਤ :- ਰੌਸ਼ਨੀ ਦੀ ਜੁਗਤ ਰਾਹੀਂ ਨਾਟਕ ਨਿਰਦੇਸ਼ਕ ਸਟੇਜ ਉੱਪਰ ਪਈ ਹਰ ਵਸਤੂ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਰੰਗਮੰਚੀ ਸੰਚਾਰ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਲਈ ਨਾਟਕਕਾਰ ਹੇਠ ਲਿਖੇ ਅਨੁਸਾਰ ਰੌਸ਼ਨੀ ਦੀ ਜੁਗਤ ਦਾ ਪ੍ਰਯੋਗ ਕਰਦਾ ਹੈ :

1 ਵਿਸ਼ੇਸ਼ ਪਾਤਰ ਉੱਪਰ ਰੌਸ਼ਨੀ ਕੇਂਦਰਿਤ ਕਰਨਾ

2 ਯਥਾਰਥ ਦੇ ਪ੍ਰਭਾਵ ਨੂੰ ਸਿਰਜਣਾ

3 ਵਿਸ਼ੇਸ਼ ਪਾਤਰ ਦੀ ਬਦਲ ਰਹੀ ਮਾਨਸਿਕਤਾ ਦੇ ਪ੍ਰਭਾਵ ਨੂੰ ਤਿੱਖਾ ਕਰਨਾ

4 ਨਾਟਕ ਵਿੱਚ ਖ਼ੁਸ਼ੀ ਗਮੀ ਦੇ ਪ੍ਰਭਾਵ ਨੂੰ ਪ੍ਰਗਟ ਕਰਨਾ

5 ਪਿਛਲੀ ਝਾਕ ਦੀ ਵਿਧੀ ਦੇ ਪ੍ਰਯੋਗ ਲਈ ਰੋਸ਼ਨੀ ਦੀ ਜੁਗਤ ਨੂੰ ਵਰਤਣਾ

ਪੰਜਾਬੀ ਨਾਰੀ ਨਾਟਕਕਾਰਾਂ ਵਿਚ ਸ਼ੀਲਾ ਭਾਟੀਆ (ਤੇਰੇ ਮੇਰੇ ਲੇਖ ਅਤੇ ਜੀਵਨ ਕੀ ਹੈ) ਡਾ. ਮਨਜੀਤਪਾਲ ਕੌਰ (ਸਾਹਿਬਾਂ ਅਤੇ ਸੁੰਦਰਾਂ), ਡਾ. ਕਿਰਪਾਲ ਕੌਰ (ਮਾਨਵਤਾ) ਆਦਿ ਨਾਟਕਕਾਰਾਂ ਨੇ ਰੌਸ਼ਨੀ ਦੀ ਜੁਗਤ ਨੂੰ ਆਪਣੇ ਨਾਟਕਾਂ ਵਿੱਚ ਪ੍ਰਯੋਗ ਕੀਤਾ ਹੈ।

ਰੰਗਾਂ ਦੀ ਵਰਤੋਂ ਦੀ ਜੁਗਤ :- ਨਾਟਕਕਾਰ ਰੰਗਮੰਚੀ ਸੰਚਾਰ ਲਈ ਵੱਖ-ਵੱਖ ਰੰਗਾਂ ਦਾ ਪ੍ਰਯੋਗ ਰੰਗਮੰਚ ਉੱਪਰ ਕਰਦੇ ਹਨ। ਇਹ ਰੰਗ ਕਿਸੇ ਖ਼ਾਸ ਅਰਥ ਨੂੰ ਸੰਚਾਰ ਕਰ ਰਹੇ ਹੁੰਦੇ ਹਨ। ਸ਼ੀਲਾ ਭਾਟੀਆ, ਡਾ. ਮਨਜੀਤਪਾਲ ਕੌਰ, ਸੁਨੀਤਾ ਸੱਭਰਵਾਲ ਆਦਿ ਨਾਰੀ ਨਾਟਕਕਾਰਾਂ ਨੇ ਵੱਖ-ਵੱਖ ਰੰਗਾਂ ਦਾ ਪ੍ਰਯੋਗ ਕਰਕੇ ਰੰਗਮੰਚੀ ਸੰਚਾਰ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ।

ਆਵਾਜ਼ਾਂ ਦੀ ਜੁਗਤ :- ਨਾਟਕਕਾਰ ਨਾਟਕੀ ਸੰਚਾਰ ਲਈ ਰੋਸ਼ਨੀ, ਰੰਗਾਂ ਦੇ ਨਾਲ-ਨਾਲ ਆਵਾਜ਼ਾਂ ਜਾਂ ਧੁਨੀਆਂ ਨੂੰ ਵੀ ਜੁਗਤ ਵਜੋਂ ਪ੍ਰਯੋਗ ਕਰਦੇ ਹਨ। ਇਨ੍ਹਾਂ ਆਵਾਜ਼ਾਂ ਵਿੱਚ ਬੱਦਲਾਂ ਦਾ ਗਰਜਨਾ, ਪੰਛੀਆਂ ਦਾ ਬੋਲਣਾ, ਪਸ਼ੂਆਂ ਦੀਆਂ ਅਵਾਜ਼ਾਂ ਅਤੇ ਇਨਸਾਨਾਂ ਦੀਆਂ ਆਵਾਜ਼ਾਂ ਨੂੰ ਖ਼ਾਸ ਅਰਥਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਨਾਰੀ ਨਾਟਕਕਾਰਾਂ ਵਿਚ ਡਾ. ਪ੍ਰਭਜੋਤ ਕੌਰ ਕੁਲਕਰਨੀ ( ਜੋ ਪੀੜ ਪਰਾਈ ਜਾਣੇਂ ਰੇ ਅਤੇ ਚਾਨਣ ਹੋਆ), ਸ਼ੀਲਾ ਭਾਟੀਆ (ਹੀਰ ਰਾਂਝਾ), ਰਾਜਵੰਤ ਕੌਰ ਮਾਨ (ਅਮਨ ਦੀ ਆਵਾਜ਼), ਮੋਹਨਜੀਤ ਪੂਨਮ (ਲੇਡੀਜ਼ ਵੇਟਿੰਗ ਰੂਮ) ਆਦਿ ਨੇ ਅਵਾਜ਼ਾਂ ਅਤੇ ਧੁਨੀਆਂ ਦੀ ਵਰਤੋਂ ਰਾਹੀਂ ਰੰਗਮੰਚੀ ਸੰਚਾਰ ਕੀਤਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਰੀ ਨਾਟਕਕਾਰਾਂ ਨੇ ਵੱਖ-ਵੱਖ ਨਾਟ ਸਰੋਕਾਰਾਂ ਦੇ ਰੰਗਮੰਚੀ ਸੰਚਾਰ ਲਈ ਵੱਖ-ਵੱਖ ਨਾਟ-ਸ਼ੈਲੀਆਂ ਜਿਵੇਂ ਯਥਾਰਥਵਾਦੀ ਨਾਟ-ਸ਼ੈਲੀ, ਐਬਸਰਡ ਨਾਟ ਸ਼ੈਲੀ, ਹੰਗਾਮੀ ਨਾਟ ਸ਼ੈਲੀ, ਐਪਿਕ ਨਾਟ ਸ਼ੈਲੀ, ਲੋਕ ਨਾਟ ਸ਼ੈਲੀ ਆਦਿ ਨੂੰ ਸਫ਼ਲਤਾ ਨਾਲ ਪ੍ਰਯੋਗ ਕੀਤਾ ਹੈ। ਇਸੇ ਕਾਰਨ ਪੰਜਾਬੀ ਨਾਰੀ ਨਾਟਕਕਾਰ ਜਿੱਥੇ ਪੰਜਾਬੀ ਨਾਟਕ ਵਿੱਚ ਨਾਟਕ-ਵਸਤੂ ਦੇ ਪੱਖ ਤੋਂ ਵਿਸ਼ੇਸ਼ ਮਹੱਤਤਾ ਰੱਖਦੇ ਹਨ, ਉੱਥੇ ਨਾਟ-ਰੂਪਾਂ ਅਤੇ ਰੰਗਮੰਚੀ-ਸ਼ੈਲੀਆਂ ਦੇ ਪੱਖ ਤੋਂ ਵੀ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ।

ਹਵਾਲੇ ਅਤੇ ਟਿੱਪਣੀਆਂ :-


01. ਵਤਨ-ਰੰਗਮੰਚ ਵਿਸ਼ੇਸ਼ ਅੰਕ (ਤ੍ਰੈ ਮਾਸਿਕ), ਜੁਲਾਈ 19

02. ਰਾਜਵੰਤ ਕੌਰ ਮਾਨ, ਸਵਾਲੀਆ ਨਿਸ਼ਾਨ, ਬਿਸ਼ਨ ਚੰਦ ਐਂਡ ਸੰਜ਼, ਦਿੱਲੀ,2003

03. ਪਰਮਿੰਦਰ ਕੌਰ ਸਵੈਚ, ਭਲਾ ਮੈਂ ਕੌਣ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, 2009,

04. ਸਤੀਸ਼ ਕੁਮਾਰ ਵਰਮਾ (ਡਾ.) ਤੇ ਨਵਦੀਪ ਕੌਰ (ਡਾ.), ਪੰਜਾਬੀ ਨਾਟਕ ਅਤੇ ਨਾਰੀ ਨਾਟਕਕਾਰ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2016,

05. ਸਤੀਸ਼ ਕੁਮਾਰ ਵਰਮਾ(ਡਾ.) ਤੇ ਨਵਦੀਪ ਕੌਰ (ਡਾ.), ਪੰਜਾਬੀ ਨਾਟਕ ਅਤੇ ਨਾਰੀ ਨਾਟਕਕਾਰ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 201

06. ਕਰਨੈਲ ਸਿੰਘ ਥਿੰਦ (ਡਾ.),ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ,ਪਬਲੀਕੇਸ਼ਨ ਬਿਓਰੋ, ਪਟਿਆਲਾ, 2010

07. ਨਵਦੀਪ ਕੌਰ (ਡਾ.), ਪੰਜਾਬੀ ਇਸਤਰੀ ਨਾਟਕਕਾਰਾਂ ਦੇ ਨਾਟਕ: ਸਰੂਪ ਤੇ ਸੰਚਾਰ,ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ, 2018,

08. ਨਵਦੀਪ ਕੌਰ (ਡਾ.), ਪੰਜਾਬੀ ਇਸਤਰੀ ਨਾਟਕਕਾਰਾਂ ਦੇ ਨਾਟਕ: ਸਰੂਪ ਤੇ ਸੰਚਾਰ, ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ, 2018